ਪੀ. ਐੱਸ. ਈ. ਬੀ. ਨੇ ਐਲਾਨਿਆ ਪੰਜਾਬੀ ਦੀ ਪ੍ਰੀਖਿਆ ਦਾ ਰਿਜ਼ਲਟ

ਚੰਡੀਗੜ੍ਹ • ਸੁਖਦੇਵ ਸਿੰਘ ਪਟਵਾਰੀ

ਪੰਜਾਬ ਸਕੂਲ ਸਿੱਖਿਆ ਬੋਰਡ (ਪੀਐਸਈਬੀ) ਨੇ ਅੱਜ ਵਧੀਕ ਪੰਜਾਬੀ ਪ੍ਰੀਖਿਆ ਦਾ ਨਤੀਜਾ ਐਲਾਨ ਦਿੱਤਾ ਹੈ। ਵਿਦਿਆਰਥੀਆਂ ਨੂੰ ਬੋਰਡ ਦੀ ਵੈੱਬਸਾਈਟ ਤੋਂ ਨਤੀਜਾ ਦੇਖਣਾ ਹੋਵੇਗਾ। ਬੋਰਡ ਵੱਲੋਂ ਨਤੀਜਾ ਗਜ਼ਟ ਪ੍ਰਕਾਸ਼ਿਤ ਨਹੀਂ ਕੀਤਾ ਗਿਆ ਹੈ। ਵਿਦਿਆਰਥੀਆਂ ਨੂੰ ਬੋਰਡ ਦੀ ਵੈੱਬਸਾਈਟ www.pseb.ac.in ਤੋਂ ਨਤੀਜਾ ਦੇਖਣਾ ਹੋਵੇਗਾ। ਵੈੱਬਸਾਈਟ 'ਤੇ ਰਿਜ਼ਲਟ ਦਾ ਕਾਲਮ ਹੋਵੇਗਾ। ਇਸ ਵਿੱਚ ਉਨ੍ਹਾਂ ਨੂੰ ਆਪਣਾ ਰੋਲ ਨੰਬਰ ਅਤੇ ਹੋਰ ਜਾਣਕਾਰੀ ਭਰਨੀ ਹੋਵੇਗੀ। ਇਸ ਤੋਂ ਬਾਅਦ ਨਤੀਜਾ ਉਨ੍ਹਾਂ ਦੇ ਸਾਹਮਣੇ ਆਵੇਗਾ। ਪੀਐੱਸਈਬੀ ਵੱਲੋਂ 29 ਅਤੇ 30 ਅਪ੍ਰੈਲ ਨੂੰ ਪੰਜਾਬੀ ਦੀ ਵਧੀਕ ਪ੍ਰੀਖਿਆ ਲਈ ਗਈ ਸੀ। ਇਸ ਤੋਂ ਬਾਅਦ ਬੋਰਡ ਵੱਲੋਂ ਨਤੀਜਾ ਐਲਾਨ ਦਿੱਤਾ ਗਿਆ ਹੈ। ਬੋਰਡ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਇਹ ਨਤੀਜਾ ਤੁਰੰਤ ਜਾਣਕਾਰੀ ਲਈ ਹੈ। ਇਸ ਵਿੱਚ ਕਿਸੇ ਕਿਸਮ ਦੀ ਗਲਤੀ ਲਈ ਕੋਈ ਵੀ ਬੋਰਡ ਜ਼ਿੰਮੇਵਾਰ ਨਹੀਂ ਹੋਵੇਗਾ।

ਸੋਸ਼ਲ ਮੀਡੀਆ 'ਤੇ ਅਫਵਾਹ ਫੈਲਾਉਣ ਵਾਲਿਆਂ 'ਤੇ ਰਹੇਗੀ ਪੁਲਿਸ ਦੀ ਪੈਨੀ ਨਜ਼ਰ

ਚੰਡੀਗੜ੍ਹ • ਆਵਾਜ਼ ਬਿਊਰੋ

ਹਰਿਆਣਾ ਵਿਚ ਕੱਲ 25 ਮਈ ਨੂੰ ਹੋਣ ਜਾ ਰਹੇ ਲੋਕਸਭਾ ਚੋਣ ਲਈ ਚੋਣ ਦੌਰਾਨ ਸੋਸ਼ਲ ਮੀਡੀਆ 'ਤੇ ਅਫਵਾਹ ਫੈਲਾਉਣ ਵਾਲੇ ਅਸਮਾਜਿਕ ਤੱਤ ਹਰਿਆਣਾ ਪੁਲਿਸ ਦੇ ਰੇਡਾਰ 'ਤੇ ਰਹਿਣਗੇ। ਅਜਿਹਾ ਕਰਨ ਵਾਲਿਆਂ ਨਾਲ ਸਖਤੀ ਨਾਲ ਨਜਿਠਿਆ ਜਾਵੇਗਾ ਅਤੇ ਉਨ੍ਹਾਂ ਦੇ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਹ ਨਿਰਦੇਸ਼ ਹਰਿਆਣਾ ਦੇ ਪੁਲਿਸ ਡਾਇਰੈਕਟਰ ਜਨਰਲ ਸ਼ਤਰੂਜੀਤ ਕਪੂਰ ਨੇ ਸੂਬੇ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਨਾਲ ਪ੍ਰਬੰਧਿਤ ਮੀਟਿੰਗ ਦੌਰਾਨ ਦਿੱਤੇ। ਉਨ੍ਹਾਂ ਨੇ ਕਿਹਾ ਕਿ 25 ਮਈ ਨੂੰ ਸੂਬੇ ਵਿਚ ਲੋਕਸਭਾ ਚੋਣ ਲਈ ਵੋਟਿੰਗ ਹੈ, ਅਜਿਹੇ ਵਿਚ ਕਾਨੂੰਨ ਵਿਵਸਥਾ ਵਿਘਨ ਕਰਨ ਦੀ ਮੰਜੂਰੀ ਕਿਸੇ ਨੂੰ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਕਈ ਵਾਰ ਕੁੱਝ ਸ਼ਰਾਰਤੀ ਤੱਤ ਚੋਣ ਕੇਂਦਰ ਦੀ ਫਰਜੀ ਵੀਡੀਓ ਆਦਿ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੰਦੇ ਹਨ ਜਿਸ ਨਾਲ ਕਾਨੂੰਨ ਵਿਵਸਥਾ ਬਾਧਿਤ ਹੁੰਦੀ ਹੈ। ਸੋਸ਼ਲ ਮੀਡੀਆ 'ਤੇ ਇਸ ਤਰ੍ਹਾ ਦੀ ਗਤੀਵਿਧੀਆਂ 'ਤੇ ਨਜਰ ਰੱਖਣ ਲਈ ਹਰਿਆਣਾ ਪੁਲਿਸ ਦੀ ਟੀਮਾਂ ਵੱਖ-ਵੱਖ ਪੱਧਰ 'ਤੇ ਮਾਨੀਟਰਿੰਗ ਕਰਦੇ ਹੋਏ ਸਰਗਰਮੀ ਨਾਲ ਕੰਮ ਕਰੇਗੀ ਅਤੇ ਫਰਜੀ ਵੀਡੀਓ ਪਾਉਣ ਵਾਲਿਆਂ 'ਤੇ ਸਖਤ ਕਾਰਵਾਈ ਹੋਵੇਗੀ। ਸ੍ਰੀ ਕਪੂਰ ਨੇ ਆਮਜਨਤਾ ਨੂੰ ਵੀ ਇਹ ਅਪੀਲ ਕੀਤੀ ਹੈ ਕਿ ਉਹ ਸੋਸ਼ਲ ਮੀਡੀਆ 'ਤੇ ਪ੍ਰਸਾਰਿਤ ਹੋਣ ਵਾਲੇ ਅਜਿਹੇ ਵੀਡੀਓਜ਼ ਨੂੰ ਆਪਣੇ ਸੋਸ਼ਲ ਮੀਡੀਆ ਅਕਾਊਂਟ ਤੋਂ ਸ਼ੇਅਰ ਨਾ ਕਰਨ। ਉਨ੍ਹਾਂ ਨੇ ਕਿਹਾ ਕਿ ਜੇਕਰ ਕੋਈ ਵਿਅਕਤੀ ਇਸ ਤਰ੍ਹਾ ਦੀ ਵੀਡੀਓ ਨੂੰ ਸੋਸ਼ਲ ਮੀਡੀਆ 'ਤੇ ਚਲਦੇ ਹੋਏ ਦੇਖਦਾ ਹੈ ਤਾਂ ਇਸ ਜਾਣਕਾਰੀ ਹਰਿਆਣਾ ਪੁਲਿਸ ਦੇ ਹੈਲਪਲਾਇਨ ਨੰਬਰ-112 ਅਤੇ ਕੰਟਰੋਲ ਰੂਮ ਦੇ ਹੈਲਪਲਾਇਨ ਨੰਬਰ 0172-2570070 'ਤੇ ਦੇਣ। ਉਨ੍ਹਾਂ ਨੇ ਦਸਿਆ ਕਿ ਚੋਣ ਪ੍ਰਕ੍ਰਿਆ ਦੌਰਾਨ ਸ਼ਾਂਤੀ ਤੇ ਕਾਨੂੰਨ ਵਿਵਸਥਾ ਬਣਾਏ ਰੱਖਣ ਲਈ ਇੰਟਰਾ ਸਟੇਟ ਅਤੇ ਇੰਟਰ ਸਟੇਟ ਬੋਡਰਾਂ ਅਤੇ ਜਿਲ੍ਹਿਆਂ ਵਿਚ ਲਗਾਏ ਗਏ ਨਾਕਿਆਂ 'ਤੇ ਫੁੱਲਪਰੂਫ ਸੀਲਿੰਗ ਪਲਾਨ ਲਾਗੂ ਕੀਤਾ ਗਿਆ ਹੈ।

ਇਸ਼ਤਿਹਾਰਾਂ ਸਬੰਧੀ ਜ਼ਰੂਰੀ ਬੇਨਤੀ

'ਅੱਜ ਦੀ ਆਵਾਜ਼' ਦੀ ਮੈਨੇਜਮੈਂਟ ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖ਼ਬਾਰ ਇਨ੍ਹਾਂ ਤੱਥਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਪਾਪੂਆ ਨਿਊ ਗਿਨੀ 'ਚ ਜ਼ਮੀਨ ਖਿਸਕਣ ਕਾਰਨ 100 ਤੋਂ ਵੱਧ ਲੋਕਾਂ ਦੀ ਮੌਤ

ਪਾਪੂਆ ਨਿਊ ਗਿਨੀ • ਆਵਾਜ਼ ਬਿਊਰੋ

ਪਾਪੂਆ ਨਿਊ ਗਿਨੀ 'ਚ ਜ਼ਮੀਨ ਖਿਸਕਣ ਕਾਰਨ ਹੋਈ ਤਬਾਹੀ ਦਾ ਨਜ਼ਾਰਾ ਦੇਖਣ ਨੂੰ ਮਿਲਿਆ ਹੈ। ਪਾਪੂਆ ਨਿਊ ਗਿਨੀ ਦੇ ਇੱਕ ਦੂਰ-ਦੁਰਾਡੇ ਪਹਾੜੀ ਹਿੱਸੇ ਵਿੱਚ ਜ਼ਮੀਨ ਖਿਸਕਣ ਕਾਰਨ ਇੱਕ ਪਿੰਡ ਪੂਰੀ ਤਰ੍ਹਾਂ ਦੱਬ ਗਿਆ, ਜਿਸ ਨਾਲ 100 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ। ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ (ਏਬੀਸੀ) ਦੇ ਅਨੁਸਾਰ, ਰਾਜਧਾਨੀ ਪੋਰਟ ਮੋਰੇਸਬੀ ਤੋਂ ਲਗਭਗ 600 ਕਿਲੋਮੀਟਰ (370 ਮੀਲ) ਉੱਤਰ-ਪੱਛਮ ਵਿੱਚ, ਐਂਗਾ ਸੂਬੇ ਦੇ ਕਾਓਕਲਾਮ ਪਿੰਡ 'ਚ ਤੜਕੇ 3 ਵਜੇ ਜ਼ਮੀਨ ਖਿਸਕਣ ਦੀ ਖਬਰ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਜ਼ਮੀਨ ਖਿਸਕਣ ਨਾਲ ਮਰਨ ਵਾਲਿਆਂ ਦੀ ਗਿਣਤੀ 100 ਤੋਂ ਵੱਧ ਹੋਣ ਦਾ ਅੰਦਾਜ਼ਾ ਹੈ। ਹਾਲਾਂਕਿ ਪਾਪੂਆ ਨਿਊ ਗਿਨੀ ਦੇ ਅਧਿਕਾਰੀਆਂ ਨੇ ਇਸ ਅੰਕੜੇ ਦੀ ਪੁਸ਼ਟੀ ਨਹੀਂ ਕੀਤੀ ਹੈ, ਪਰ ਸਥਾਨਕ ਪਿੰਡ ਵਾਸੀਆਂ ਦਾ ਦਾਅਵਾ ਹੈ ਕਿ ਜ਼ਮੀਨ ਖਿਸਕਣ ਨਾਲ ਮਰਨ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਸਕਦੀ ਹੈ। ਪ੍ਰਧਾਨ ਮੰਤਰੀ ਜੇਮਸ ਮੈਰਾਪੇ ਨੇ ਕਿਹਾ ਕਿ ਉਨ੍ਹਾਂ ਨੂੰ ਅਜੇ ਸਥਿਤੀ ਬਾਰੇ ਪੂਰੀ ਜਾਣਕਾਰੀ ਨਹੀਂ ਮਿਲੀ ਹੈ। ਹਾਲਾਂਕਿ, ਉਨ੍ਹਾਂ ਨੇ ਜ਼ਮੀਨ ਖਿਸਕਣ ਦੌਰਾਨ ਮਰਨ ਵਾਲਿਆਂ ਦੇ ਪਰਿਵਾਰਾਂ ਪ੍ਰਤੀ ਦਿਲੀ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਜਿਸ ਇਲਾਕੇ 'ਚ ਜ਼ਮੀਨ ਖਿਸਕਣ ਦੀ ਘਟਨਾ ਹੋਈ ਹੈ, ਉੱਥੇ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਲਾਕੇ ਵਿੱਚ ਰਾਹਤ ਕਾਰਜ ਸ਼ੁਰੂ ਹੋ ਗਏ ਹਨ। ਰੱਖਿਆ ਬਲ, ਆਪਦਾ ਅਧਿਕਾਰੀ ਅਤੇ ਵਰਕਸ ਐਂਡ ਹਾਈਵੇਅ ਵਿਭਾਗ ਦੇ ਅਧਿਕਾਰੀਆਂ ਨੂੰ ਲਾਸ਼ਾਂ ਨੂੰ ਬਰਾਮਦ ਕਰਨ ਅਤੇ ਬੁਨਿਆਦੀ ਢਾਂਚੇ ਦੇ ਮੁੜ ਨਿਰਮਾਣ ਲਈ ਸਾਈਟ 'ਤੇ ਭੇਜਿਆ ਜਾ ਰਿਹਾ ਹੈ। ਸਥਾਨਕ ਔਰਤ ਐਲਿਜ਼ਾਬੇਥ ਲਾਰੂਮਾ ਨੇ ਦੱਸਿਆ ਕਿ ਪਹਾੜ ਟੁੱਟ ਗਿਆ ਅਤੇ ਮਕਾਨ ਢਹਿ ਗਏ ਕਿਉਂਕਿ ਇਹ ਘਟਨਾ ਸ਼ੁੱਕਰਵਾਰ ਤੜਕੇ ਵਾਪਰੀ ਹੈ। ਉਸ ਸਮੇਂ ਲੋਕ ਆਪਣੇ ਘਰਾਂ 'ਚ ਸੁੱਤੇ ਪਏ ਸਨ। ਇਸ ਹਾਦਸੇ ਵਿੱਚ 100 ਤੋਂ ਵੱਧ ਲੋਕ ਜ਼ਮੀਨ ਦੇ ਹੇਠਾਂ ਦੱਬੇ ਹੋਣ ਦਾ ਅੰਦਾਜ਼ਾ ਹੈ। ਢਿੱਗਾਂ ਡਿੱਗਣ ਕਾਰਨ ਪੋਰਗੇਰਾ ਅਤੇ ਪਿੰਡ ਵਿਚਕਾਰ ਸੜਕ ਬੰਦ ਹੋ ਗਈ ਹੈ। ਇਸ ਨਾਲ ਈਂਧਨ ਅਤੇ ਮਾਲ ਦੀ ਸਪਲਾਈ ਵਿੱਚ ਰੁਕਾਵਟ ਪੈਦਾ ਹੋ ਰਹੀ ਹੈ।

ਸਵਾਰੀਆਂ ਨਾਲ ਭਰੀ ਬੱਸ 30 ਫੁੱਟ ਡੂੰਘੀ ਖੱਡ 'ਚ ਡਿੱਗੀ

ਜੋਧਪੁਰ • ਆਵਾਜ਼ ਬਿਊਰੋ

ਉਦੇਪੁਰ ਤੋਂ ਜੋਧਪੁਰ ਜਾ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ। ਜਾਣਕਾਰੀ ਮੁਤਾਬਕ ਸਵਾਰੀਆਂ ਨਾਲ ਭਰੀ ਹੋਈ ਬੱਸ ਪਲਟ ਗਈ ਤੇ ਉਹ ਡੂੰਘੀ ਖੱਡ ਵਿਚ ਜਾ ਡਿੱਗੀ। ਮਿਲੀ ਜਾਣਕਾਰੀ ਮੁਤਾਬਕ ਬੱਸ ਵਿਚ 31 ਯਾਤਰੀ ਸਵਾਰ ਸਨ। ਬੱਸ ਡੂੰਘੀ ਖਾਈ ਵਿਚ ਡਿੱਗ ਗਈ। ਗਨੀਮਤ ਰਹੀ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਸਾਇਰਾ ਅਨੰਤਪੁਰ ਰੋਡ 'ਤੇ ਹਾਦਸਾ ਵਾਪਰਿਆ ਹੈ। ਬੱਸ 30 ਫੁੱਟ ਡੂੰਘੀ ਖੱਡ ਵਿਚ ਜਾ ਡਿੱਗੀ ਹੈ। ਹਾਦਸੇ ਦਾ ਕਾਰਨ ਬੱਸ ਦਾ ਸਟੇਅਰਿੰਗ ਫੇਲ ਹੋਣਾ ਦੱਸਿਆ ਜਾ ਰਿਹਾ ਹੈ। ਹਾਦਸੇ ਵਿਚ ਕੁਝ ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਹਾਦਸੇ ਸਮੇਂ ਉਥੇ ਮੌਜੂਦ ਲੋਕ ਤੁਰੰਤ ਮਦਦ ਕਰਦੇ ਹਨ ਤੇ ਜ਼ਖਮੀ ਲੋਕਾਂ ਨੂੰ ਹਸਪਤਾਲ ਪਹੁੰਚਾਇਆ ਜਾਂਦਾ ਹੈ।

Public Notice

I, Aijaz Ahmed S/o Alla Banda R/o 56- C New Model Town Phagwara Mobile No. 9888539257, It is to be notified to general public that I have lost my previous original sale deed of my property Title Deed Bearing No: 4295 dated 21-12-2012-Registred at the office of Sub-Registrar, Phagwara (Punjab) executed in favour of parachi jalota W/o vikraat jalota For that DDR already filed vide No: 012/2024 dated 15-05-2024. That Punjab National Bank, Adarsh Nagar Jalandhar Intendes to mortgage the said property. Though if any person find the same kindly return in 7 days to Punjab National Bank, BO: Adarsh Nagar Jalandhar.

M.S.Bhatti-
Sr. Manager
0181-5009820 , 8146612152

FORMAT C 1
DECLARATION ABOUT CRIMINAL CASES

(As per judgement Dated 25 September 2018, of hon'ble Supreme Court in WP (Civil) No. 536 of 2011 (Public Interest Foundation & Ors. Vs. Union of India & Anr.)

Name and address of candidate: **KULDEEP SINGH DHALIWAL S/O HARBANS SINGH VPO JAGDEV KALAN Teh LOPOKE DISTT AMRITSAR.**
Name of political party: **AAM ADMI PARTY.**
Name of Election: **Lok Sabha 2024.**
Name of Constituency: AMRITSAR 02.

I KULDEEP SINGH DHALIWAL, a candidate for the abovementioned election, declare for public information the following details about my criminal antecedents:

(A) Pending criminal cases

Sl.No.	Name of Court	Case No. and dated	Status of cases (s)	Section(s) of Acts concerned and brief description of offence(s)
1.	N/A Challan has not been Presented	FIR NO. 82 21/5/2019 PS Raja Sansi	Anticipatory Bail By Hon'ble Punjab/Haryana High Court vide CRRM 29751 Dated 5/4/22	U/S 302,201, 120B,148,149 IPC

(B) Details about cases of conviction for criminal offences

Sl.No.	Name of Court & Date(s) of order(s)	Description of offence(s) & punishment imposed	Maximum Punishment Imposed
	NA	NA	NA

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਮਨਵੀਰ ਸਿੰਘ ਢਿੱਲੋਂ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਦਸੂਹਾ
ਕੇਸ ਨੰ. 114/ਤਕਸੀਮ ਧਿਰਾਂ
ਪਿੰਡ ਦਾ ਨਾਮ ਚੱਕ ਬਾਮੂ
ਪ੍ਰਕਾਸ਼ ਸਿੰਘ ਬਨਾਮ ਕੁਲਦੀਪ ਕੌਰ

ਪਬਲਿਕ ਨੋਟਿਸ

ਉਪਰੋਕਤ ਮੁਕੱਦਮੇ ਵਿੱਚ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਹੇਠ ਲਿਖੇ ਉਤਰਵਾਦੀਆਂ ਦੀ ਮਾਮੂਲੀ ਤਰੀਕੇ ਨਾਲ ਸੰਮਨ ਤੇ ਤਮੀਲ ਹੋਣੀ ਮੁਸ਼ਕਲ ਹੈ। ਇਸ ਲਈ ਮਿਤੀ 28.5.24 ਨੂੰ ਬਾਅਦ ਦੁਪਹਿਰ 02.00 ਵਜੇ ਦੀ ਤਰੀਕ ਪੇਸ਼ੀ ਨਿਸ਼ਚਿਤ ਕੀਤੀ ਗਈ ਹੈ। ਇਹ ਇਸ਼ਤਿਹਾਰ ਰਾਹੀਂ ਹੇਠ ਲਿਖੇ ਉਤਰਵਾਦੀਆਂ ਅਤੇ ਉਤਰਵਾਦੀਆ ਦੇ ਵਾਰਸਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਉਕਤ ਤਰੀਕ ਤੇ ਅਸਾਲਤਨ ਜਾਂ ਵਕਾਲਤਨ ਇਸ ਅਦਾਲਤ ਵਿੱਚ ਹਾਜਰ ਹੋਣ। ਹਾਜਰ ਨਾ ਹੋਣ ਦੀ ਸੂਰਤ ਵਿੱਚ ਇੱਕ ਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅੱਜ ਮਿਤੀ 16.5.24 ਨੂੰ ਮੇਰੇ ਦਸਤਖਤ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ ਹੈ।

ਮਿਤੀ : 16.5.2024 ਸਥਾਨ : ਦਸੂਹਾ
ਸਹੀ/-
ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅਵੱਲ ਦਸੂਹਾ

1. ਕੁਲਦੀਪ ਕੌਰ ਵਿਧਵਾ ਪਿਆਰਾ ਸਿੰਘ 2. ਮਹਿੰਦਰ ਸਿੰਘ ਪੁੱਤਰ ਪਿਆਰਾ ਸਿੰਘ 3. ਨਰਿੰਦਰ ਸਿੰਘ ਪੁੱਤਰ ਪਿਆਰਾ ਸਿੰਘ 4. ਬਲਵਿੰਦਰ ਸਿੰਘ ਪੁੱਤਰ ਪਿਆਰਾ ਸਿੰਘ 5. ਜਸਵਿੰਦਰ ਸਿੰਘ ਪੁੱਤਰ ਪਿਆਰਾ ਸਿੰਘ 6. ਦਲਜੀਤ ਸਿੰਘ ਪੁੱਤਰ ਦਰਬਾਰ ਸਿੰਘ 7. ਪਿਆਰਾ ਸਿੰਘ ਪੁੱਤਰ ਨੱਥਾ ਸਿੰਘ ਵਾਸੀਆਨ ਪਿੰਡ ਚੱਕ ਬਾਮੂ ਅਤੇ ਤਕਸੀਮ ਵਾਕਿਆ ਰਕਬਾ ਪਿੰਡ ਚੱਲ ਬਾਮੂ/491 ਤਹਿ. ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਕੀਤਾ ਹੈ।

ਨੰਬਰ 14.../ ਗੰਡਰ ਮਿਤੀ 16/5/24

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਦੂਜਾ (ਨਾਇਬ ਤਹਿਸੀਲਦਾਰ), ਸੰਗਰੂਰ।

ਮਿਸਲ ਨੰ. 04/ਦਰਜ
ਰਜੂਆ, 03.03.2023
ਪੈਂਡਿੰਗ ਫਾਰ 24.4.2024

ਦਿਲਬਾਗ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਪਿੰਡ ਪਬਰਾਲਾ

ਬਨਾਮ

1. ਬਚਨ ਸਿੰਘ ਪੁੱਤਰ ਹਰਨਾਮ ਸਿੰਘ ਪੁੱਤਰ ਸਾਹਿਬਦਿੱਤਾ ਸਿੰਘ ਵਾਸੀ ਪਿੰਡ ਕਮਾਲੂ ਸਵੈਚ, ਤਹਿਸੀਲ ਮੋਗ ਜ਼ਿਲ੍ਹਾ ਬਠਿੰਡਾ, 2. ਪਵਨ ਕੁਮਾਰ ਪੁੱਤਰ ਹੰਸਰਾਜ ਪੁੱਤਰ ਤੇਲੂ ਰਾਮ 3. ਦਰਸ਼ਨ ਸਿੰਘ ਪੁੱਤਰ ਚੇਦ ਸਿੰਘ ਪੁੱਤਰ ਸੁੱਚਾ ਸਿੰਘ ਖੁਦ ਜਾਂ ਵਾਰਸ 4. ਕੁਲਵੰਤ ਸਿੰਘ ਪੁੱਤਰ ਸੰਗੀਰ ਸਿੰਘ ਪੁੱਤਰ ਘੀਚਰ ਸਿੰਘ ਖੁਦ ਜਾਂ ਵਾਰਸ 5. ਵੀਰਪਾਲ ਕੌਰ ਪੁੱਤਰੀ ਮੱਲ ਸਿੰਘ ਪੁੱਤਰ ਘੀਚਰ ਸਿੰਘ 6. ਬਲੌਰ ਸਿੰਘ ਪੁੱਤਰ ਗੰਡਾ ਸਿੰਘ ਪੁੱਤਰ ਘੀਚਰ ਸਿੰਘ ਖੁਦ ਜਾਂ ਵਾਰਸ 7. ਜਗਤਾਰ ਸਿੰਘ ਪੁੱਤਰ ਨਛੱਤਰ ਸਿੰਘ ਪੁੱਤਰ ਬਿਸ਼ਨ ਸਿੰਘ 8. ਬਚਲ ਸਿੰਘ ਪੁੱਤਰ ਹਰਨਾਮ ਸਿੰਘ ਪੁੱਤਰ ਸਾਹਿਬ ਦਿੱਤਾ ਸਿੰਘ 9. ਰਤਨ ਕੌਰ ਵਿਧਵਾ ਸ਼ੇਰ ਸਿੰਘ ਪੁੱਤਰ ਸੁੱਚਾ ਸਿੰਘ 10. ਸੁਖਦੇਵ ਕੌਰ ਪੁੱਤਰੀ ਸ਼ੇਰ ਸਿੰਘ ਪੁੱਤਰ ਸੁੱਚਾ ਸਿੰਘ 11. ਅੰਗਰੇਜ ਕੌਰ ਪੁੱਤਰੀ ਸ਼ੇਰ ਸਿੰਘ ਪੁੱਤਰ ਸੁੱਚਾ ਸਿੰਘ, 12. ਅਮਰਜੀਤ ਕੌਰ ਪੁੱਤਰੀ ਸ਼ੇਰ ਸਿੰਘ ਪੁੱਤਰ ਸੁੱਚਾ ਸਿੰਘ 13. ਸੁਖਦੇਵ ਸਿੰਘ ਪੁੱਤਰ ਸੁੱਚਾ ਸਿੰਘ 14. ਬਲਦੇਵ ਸਿੰਘ ਪੁੱਤਰ ਸ਼ੇਰ ਸਿੰਘ ਪੁੱਤਰ ਸੁੱਚਾ ਸਿੰਘ, 15. ਪਰਮਜੀਤ ਕੌਰ ਪੁੱਤਰੀ ਸ਼ੇਰ ਸਿੰਘ ਪੁੱਤਰ ਸੁੱਚਾ ਸਿੰਘ 16. ਜਸਵੀਰ ਕੌਰ ਪੁੱਤਰ ਤਾਰ ਸਿੰਘ ਉਰਫ ਅਵਤਾਰ ਸਿੰਘ ਵਾਸੀਆਨ ਪਿੰਡ ਪਬਰਾਲਾ ਜ਼ਿਲ੍ਹਾ ਬਠਿੰਡਾ।

ਦਰਖਾਸਤ ਬਾਬਤ ਦਰੁਸਤੀ ਗਿਰਦਾਵਰੀ ਕੇਸ ਅਰਾਜੀ ਤੈਦਾਦੀ 4 ਕਨਾਲਾਂ 17 ਮਰਲੇ ਜਮ੍ਹਾਂਬੰਦੀ ਸਾਲ 2017-18 ਵਾਕਿਆ ਰਕਬਾ ਪਿੰਡ ਪਬਰਾਲਾ-1 ਸਥ ਤਹਿਸੀਲ ਸੰਗਰੂ, ਤਹਿ. ਵਾ ਜ਼ਿਲ੍ਹਾ ਬਠਿੰਡਾ। ਉਪਰੋਕਤ ਕੇਸ ਦੇ ਸਬੰਧ ਵਿੱਚ ਇਸ ਇਸ਼ਤਿਹਾਰ ਰਾਹੀਂ ਹੇਠ ਲਿਖੀਆਂ ਧਿਰਾਂ/ਕਿਸੇ ਹੋਰ ਵਿਅਕਤੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹ ਕੋਈ ਉਕਤ ਅਨੁਵਾਨ ਕੇਸ ਵਿੱਚ ਆਪਣਾ ਪੱਖ ਪੇਸ਼ ਕਰਨਾ ਚਾਹੁੰਦੇ ਹਨ ਤਾਂ ਇਸ ਇਸ਼ਤਿਹਾਰ ਛੱਪਣ ਤੋਂ ਬਾਅਦ 15 ਦਿਨਾਂ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਹਾਜਰ ਅਦਾਲਤ ਆ ਕੇ ਆਪਣਾ ਪੱਖ ਪੇਸ਼ ਕਰ ਸਕਦੇ ਹਨ, ਬਾਅਦ ਗੁਜਰਨੇ ਮਿਆਦ ਕਿਸੇ ਪੱਖ ਤੇ ਕੋਈ ਗੰਰ ਨਹੀਂ ਕੀਤਾ ਜਾਵੇਗਾ।

ਸਹੀ/- ਸਹਾਇਕ ਕੁਲੈਕਟਰ ਦਰਜਾ ਦੂਜਾ,
ਕਮ-ਨਾਇਬ ਤਹਿਸੀਲਦਾਰ, ਸੰਗਰੂ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਦੂਜਾ (ਨਾਇਬ ਤਹਿਸੀਲਦਾਰ), ਸੰਗਰੂ।

ਮਿਸਲ ਨੰ. 05/ਪੀ
ਰਜੂਆ : 03.03.2023
ਪੈਂਡਿੰਗ ਫਾਰ 24.4.2024

ਹਰਮੇਲ ਸਿੰਘ ਉਰਫ ਗੁਰਮੇਲ ਸਿੰਘ ਪੁੱਤਰ ਸ੍ਰੀ ਸੁਖਦੇਵ ਸਿੰਘ ਪੁੱਤਰ ਸ੍ਰੀ ਹਰਨਾਮ ਸਿੰਘ ਵਾਸੀਆਨ ਪਿੰਡ ਪਬ